ਨਿਊਜ਼ ਰਿਲੀਜ਼

# ਅੱਜ ਦੇ ਵਿਦਿਆਰਥੀਆਂ ਦੀ ਸਹਾਇਤਾ ਲਈ ਕਲਾਸਰੂਮਾਂ ਨੂੰ ਵਧੇਰੇ ਡਾਲਰ ਜਾਣਗੇ

17 ਅਗਸਤ 2022

ਸਟਾਫ ਸਬੰਧੀ ਅਨੁਮਾਨ ਦਰਸਾਉਂਦੇ ਹਨ ਕਿ ਆਉਣ ਵਾਲੇ ਸਕੂਲੀ ਵਰ੍ਹੇ 'ਚ 1,600 ਹੋਰ ਅਧਿਆਪਕ ਅਤੇ ਸਹਾਇਕ ਸਟਾਫ ਭਰਤੀ ਕੀਤੇ ਜਾਣਗੇ। ਐਲਬਰਟਾ ਸਰਕਾਰ ਸਕੂਲ ਅਥਾਰਿਟੀਆਂ ਨੂੰ ਅਧਿਆਪਕਾਂ ਦੀਆਂ ਉਚੇਰੀਆਂ ਤਨਖਾਹਾਂ 'ਚ ਸਹਾਇਤਾ ਕਰਨ, ਦਾਖਲਿਆਂ 'ਚ ਵਾਧੇ ਨਾਲ ਨਿਪਟਣ ਅਤੇ ਫਰੈਂਚ ਬੋਲਣ ਵਾਲਿਆਂ ਦੀ ਵਿਦਿਆ ਲਈ ਵਧੀਕ ਫੰਡਿੰਗ ਵੀ ਮੁਹੱਈਆ ਕਰ ਰਹੀ ਹੈ।

## ਸਕੂਲਾਂ 'ਚ ਵਧੇਰੇ ਸਟਾਫ

ਸਕੂਲ ਅਥਾਰਿਟੀਆਂ ਅਨੁਮਾਨ ਪੇਸ਼ ਕਰ ਰਹੀਆਂ ਹਨ ਕਿ ਆਉਣ ਵਾਲੇ ਸਕੂਲੀ ਵਰ੍ਹੇ 'ਚ 800 ਤੱਕ ਵਧੇਰੇ ਅਧਿਆਪਕ ਅਤੇ ਪ੍ਰਿੰਸੀਪਲ ਭਰਤੀ ਕੀਤੇ ਜਾਣਗੇ। ਇਹ ਗਿਣਤੀ 2021-22 ਸਕੂਲੀ ਵਰ੍ਹੇ ਵਿਚਲੇ ਸਰਟੀਫਿਕੇਟਸ਼ੁਦਾ ਸਟਾਫ ਨਾਲੋਂ 2.2 ਪ੍ਰਤਿਸ਼ਤ ਦੇ ਵਾਧੇ ਨੂੰ ਦਰਸਾਉਂਦੀ ਹੈ ਅਤੇ ਇਸਦਾ ਮਤਲਬ ਹੈ, ਐਲਬਰਟਾ ਦੇ ਵਿਦਿਆਰਥੀਆਂ ਦੀ ਸਹਾਇਤਾ ਲਈ ਕਲਾਸਰੂਮਾਂ 'ਚ ਹੋਰ ਵਧੇਰੇ ਅਧਿਆਪਕਾਂ ਦਾ ਹੋਣਾ।

ਇਸ ਤੋਂ ਇਲਾਵਾ ਤਕਰੀਬਨ 800 ਸਹਾਇਕ ਸਟਾਫ ਦੇ ਵਾਧੇ ਦੀ ਵੀ ਉਮੀਦ ਕੀਤੀ ਜਾਂਦੀ ਹੈ। ਇਸ ਗਿਣਤੀ ਵਿਚ ਕਲਾਸਰੂਮ-ਆਧਾਰਿਤ ਵਿਦਿਅਕ ਅਤੇ ਅਧਿਆਪਕ ਸਹਾਇਕ ਸ਼ਾਮਲ ਹੋਣਗੇ ਅਤੇ ਇਹ ਪਿਛਲੇ ਸਕੂਲੀ ਵਰ੍ਹੇ ਨਾਲੋਂ 3.1 ਪ੍ਰਤਿਸ਼ਤ ਦਾ ਵਾਧਾ ਦਰਸਾਵੇਗੀ।

## ਅਧਿਆਪਕਾਂ ਲਈ ਉਚੇਰੀਆਂ ਤਨਖਾਹਾਂ 'ਚ ਸਹਾਇਤਾ ਕਰਨ ਲਈ ਫੰਡਿੰਗ

ਐਲਬਰਟਾ ਸਰਕਾਰ 2022-23 'ਚ 50 ਮਿਲੀਅਨ ਡਾਲਰ ਤੱਕ ਵਧੀਕ ਵੀ ਮੁਹੱਈਆ ਕਰ ਰਹੀ, ਜਿਸ ਨਾਲ ਅਧਿਆਪਕਾਂ ਨਾਲ ਹੁਣੇ ਹੁਣੇ ਪੁਸ਼ਟੀ ਹੋਏ ਬਾਰਗੇਨਿੰਗ ਐਗਰੀਮੈਂਟਾਂ ਦੇ ਖਰਚਿਆਂ ਨੂੰ ਪੂਰਿਆ ਜਾਵੇਗਾ। ਇੰਨ੍ਹਾਂ ਐਗਰੀਮੈਂਟਾਂ ਵਾਸਤੇ ਫੰਡਿੰਗ ਦੇਣ ਦੁਆਰਾ ਐਲਬਰਟਾ ਸਰਕਾਰ ਸਕੂਲ ਅਥਾਰਿਟੀਆਂ ਲਈ ਸਥਿਰਤਾ ਨੂੰ ਹੋਰ ਵਧੇਰੇ ਯਕੀਨੀ ਬਣਾ ਰਹੀ ਹੈ।

## ਦਾਖਲਿਆਂ 'ਚ ਵਾਧੇ ਲਈ ਵਧੀਕ ਫੰਡਿੰਗ

ਇਕ ਵਧੀਕ ਫੰਡਿੰਗ ਵਜੋਂ 7 ਮਿਲੀਅਨ ਡਾਲਰ ਤੋਂ ਵਧੇਰੇ ਨਵੀਂ ਐਨਰੋਲਮੈਂਟ ਗਰੋਥ ਗਰਾਂਟ ਰਾਹੀਂ ਸਕੂਲ ਅਥਾਰਿਟੀਆਂ ਨੂੰ ਮੁਹੱਈਆ ਕੀਤਾ ਜਾਵੇਗਾ। ਅਰਲੀ ਚਾਈਲਡਹੁੱਡ ਸਰਵਿਸਿਜ਼ (ECS) ਆਪਰੇਟਰ ਵੀ ਇਹ ਸਹਾਇਤਾ ਪ੍ਰਾਪਤ ਕਰਨਗੇ, ਜੇਕਰ ਉਹ ਆਪਣੇ ਦਾਖਲਿਆਂ 'ਚ ਮਹੱਤਵਪੂਰਨ ਵਾਧਾ ਦੇਖਦੇ ਹਨ।

ਇਸ ਨਵੀਂ ਸਪਲੀਮੈਂਟਲ ਐਨਰੋਲਮੈਂਟ ਗਰੋਥ ਗਰਾਂਟ ਰਾਹੀਂ ਉਪਲਬਧ ਫੰਡਿੰਗ ਅਥਾਰਿਟੀਆਂ ਲਈ ਮਿਥੀ ਹੋਈ ਹੱਦ ਨਾਲੋਂ ਉੱਪਰ ਦਾਖਲਿਆਂ 'ਚ ਹੁੰਦੇ ਵਾਧੇ ਵਾਸਤੇ, ਵਧੇਰੇ ਵਾਧੇ ਲਈ ਵਧੇਰੇ ਰੇਟਾਂ ਸਹਿਤ ਵਧੀਕ ਫੰਡਿੰਗ ਦੀ ਵਿਵਸਥਾ ਕਰਦੀ ਹੈ।

## ਫਰੈਂਕੋਫੋਨ ਸਕੂਲ ਅਥਾਰਿਟੀਆਂ ਲਈ ਮੁੜ-ਡਿਜ਼ਾਈਨ ਕੀਤੀ ਗਰਾਂਟ

ਤਕਰੀਬਨ 5 ਮਿਲੀਅਨ ਡਾਲਰ ਵਧੀਕ ਫੰਡਿੰਗ ਵਜੋਂ ਇਕ ਅੱਪਡੇਟ ਕੀਤੀ ਫਰੈਂਕੋਫੋਨ ਇਕੁਈਵੇਲੈਂਸੀ ਗਰਾਂਟ ਰਾਹੀਂ ਫਰੈਂਕੋਫੋਨ ਸਕੂਲ ਬੋਰਡਾਂ ਨੂੰ ਮੁੱਹਈਆ ਕੀਤੇ ਜਾਣਗੇ। ਇਸ ਵਧਾਏ ਗਏ ਪੂੰਜੀ-ਨਿਵੇਸ਼ ਦਾ ਮਤਲਬ ਹੈ ਕਿ 2022-23 ਦੇ ਸਕੂਲੀ ਵਰ੍ਹੇ 'ਚ, ਐਲਬਰਟਾ ਐਜੁਕੇਸ਼ਨ ਵਿਭਾਗ ਐਲਬਰਟਾ 'ਚ ਫਰੈਂਕੋਫੋਨ ਵਿਦਿਆ ਨੂੰ ਸਹਾਇਤਾ ਦੇਣ ਲਈ 7 ਮਿਲੀਅਨ ਡਾਲਰ ਫਰੈਂਕੋਫੋਨ ਸਕੂਲ ਅਥਾਰਿਟੀਆਂ ਨੂੰ ਅਲਾਟ ਕਰੇਗਾ।

## ਫੌਰੀ ਤੱਥ

- ਸਟਾਫ ਦੀ ਵਧਾਈ ਗਈ ਗਿਣਤੀ ਨੂੰ 2022-23 ਸਕੂਲੀ ਵਰ੍ਹੇ ਦੇ ਆਪਰੇਟਿੰਗ ਰਿਜ਼ਰਵਾਂ/ਪੈਸਿਆਂ ਨਾਲ ਸਹਾਇਤਾ ਦਿੱਤੀ ਜਾਵੇਗੀ।
- ਸਕੂਲ ਅਥਾਰਿਟੀਆਂ ਆਪਣੇ ਆਸ ਨਾਲੋਂ ਵਧੇ ਫਿਊਲ ਖਰਚਿਆਂ 'ਚ ਸਹਾਇਤਾ ਵਾਸਤੇ ਸਰਕਾਰ ਕੋਲੋਂ ਵਧੀਕ ਫੰਡਿੰਗ ਵੀ ਪ੍ਰਾਪਤ ਕਰਨਗੀਆਂ, ਜਦੋਂ ਕਿ ਡੀਜ਼ਲ ਦੀਆਂ ਕੀਮਤਾਂ ਦੀ ਮਾਸਿਕ ਔਸਤ 1.25 ਡਾਲਰ ਪ੍ਰਤਿ ਲੀਟਰ  ਤੋਂ ਉੱਪਰ ਚਲੇ ਗਈ ਹੈ।

